ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਦੀ ਲੰਬੀ ਪੌੜੀ ਤੇ ਤਾਂ ਚੜ ਸਕੋਗੇ ਜਦਕਿ ਬਾਪ ਨਾਲ ਸੱਚੀ ਪ੍ਰੀਤ ਹੋਵੇਗੀ, ਯਾਦ ਦੀ ਦੌੜੀ ਨਾਲ ਹੀ ਵਿਜੇ ਮਾਲਾ ਵਿਚ ਆਵੋਗੇ"

ਪ੍ਰਸ਼ਨ:- ਇੱਕ ਬਾਪ ਨਾਲ ਸੱਚੀ ਪ੍ਰੀਤ ਹੈ ਤਾਂ ਉਸ ਦੀ ਨਿਸ਼ਾਨੀ ਕੀ ਵਿਖਾਈ ਦਵੇਗੀ?

ਉੱਤਰ:- ਜੇਕਰ ਸੱਚੀ ਪ੍ਰੀਤ ਇੱਕ ਬਾਪ ਨਾਲ ਹੈ ਤਾਂ ਪੁਰਾਣੀ ਦੁਨੀਆ, ਪੁਰਾਣੇ ਸ਼ਰੀਰ ਨਾਲ ਪਿਆਰ ਖਤਮ ਹੋ ਜਾਵੇਗਾ। ਜਿਉਂਦੇ ਜੀ ਮਰ ਜਾਣਾ ਹੀ ਪ੍ਰੀਤ ਦੀ ਨਿਸ਼ਾਨੀ ਹੈ। ਬਾਪ ਦੇ ਸਿਵਾਏ ਕਿਸੇ ਨਾਲ ਵੀ ਪਿਆਰ ਨਾ ਹੋਵੇ। ਬੁੱਧੀ ਵਿੱਚ ਰਹੇ ਹੁਣ ਘਰ ਜਾਣਾ ਹੈ, ਇਹ ਸਾਡਾ ਅੰਤਿਮ ਜਨਮ ਹੈ। ਬਾਬਾ ਕਹਿੰਦੇ - ਬੱਚੇ, ਤੁਸੀਂ 84 ਜਨਮਾਂ ਦਾ ਖੇਲ ਪੂਰਾ ਕੀਤਾ, ਹੁਣ ਸਭ ਕੁਝ ਭੁੱਲ ਮੈਨੂੰ ਯਾਦ ਕਰੋ ਤਾਂ ਮੈਂ ਤੁਹਾਨੂੰ ਨਾਲ ਲੈ ਜਾਵਾਂਗਾ।

ਗੀਤ:- ਬਨਵਾਰੀ ਰੇ...

ਓਮ ਸ਼ਾਂਤੀ। ਮਿੱਠੇ - ਮਿੱਠੇ ਸਿਕੀਲੱਧੇ ਬੱਚਿਆਂ ਨੇ ਇਹ ਗੀਤ ਸੁਣਿਆ ਕਿ ਇਹ ਹੈ ਝੂਠੀ ਦੁਨੀਆ। ਝੂਠ ਖੰਡ ਭਾਰਤ ਦੇ ਲਈ ਕਿਹਾ ਜਾਂਦਾ ਹੈ। ਹਰ ਇੱਕ ਨੂੰ ਆਪਣੇ - ਆਪਣੇ ਬਰਥ ਪ੍ਲੇਸ ਦਾ ਖਿਆਲ ਰਹਿੰਦਾ ਹੈ। ਹੁਣ ਬੱਚੇ ਕਹਿੰਦੇ ਹਨ। ਸਾਡਾ ਇਸ ਝੂਠ ਖੰਡ ਨਾਲ ਕੋਈ ਤਾਲੁਕ ਨਹੀਂ ਕਿਉਂਕਿ ਇਸ ਵਿੱਚ ਤੇ ਬਹੁਤ ਦੁੱਖ ਹਨ। ਹੁਣ ਤੇ ਸੁਖ ਦਾ ਨਾਮ ਨਿਸ਼ਾਨ ਨਹੀਂ ਹੈ। ਝੂਠ ਖੰਡ ਦੀ ਉਮਰ ਹੁਣ ਬਹੁਤ ਘੱਟ ਰਹੀ ਹੈ। ਇਹ ਅੰਤਿਮ ਜਨਮ ਹੈ ਇਸ ਨੂੰ ਝੂਠ ਖੰਡ ਮ੍ਰਿਤੂਲੋਕ ਕਿਹਾ ਜਾਂਦਾ ਹੈ। ਇਹ ਹੈ ਅਮਰਲੋਕ। ਮ੍ਰਿਤੁਕਾਲ ਵਿੱਚ ਕਾਲ ਖਾ ਜਾਂਦਾ ਹੈ। ਫਿਰ ਪੁਨਰਜਨਮ ਝੂਠੀ ਦੁਨੀਆ ਵਿਚ ਹੀ ਲੈਂਦੇ ਹਨ। ਬੱਚੇ ਜਾਣਦੇ ਹਨ ਕਿ ਹੁਣ ਅਸੀਂ 84 ਜਨਮ ਪੂਰੇ ਕੀਤੇ, ਹੁਣ ਸਾਡਾ ਇਸ ਦੁਨੀਆ ਨਾਲ ਕੋਈ ਵਾਸਤਾ ਨਹੀਂ। ਬਾਬਾ ਆਏ ਹਨ ਲੈਣ ਦੇ ਲਈ ਤਾਂ ਇਸ ਪੁਰਾਣੀ ਦੁਨੀਆ ਨਾਲ। ਸਾਡਾ ਕੋਈ ਤਾਲੁਕ ਨਹੀਂ। ਤੁਹਾਡੀ ਬਾਪ ਨਾਲ ਪ੍ਰੀਤ ਜੁੜੀ ਹੈ ਤਾਂ ਵਰਸਾ ਵੀ ਤੁਹਾਨੂੰ ਹੀ ਮਿਲਦਾ ਹੈ। ਬਾਕੀ ਯਾਦਵ ਕੌਰਵਾਂ ਦੀ ਹੈ ਵਪ੍ਰੀਤ ਬੁੱਧੀ ਮਤਲਬ ਬਾਪ ਨੂੰ ਜਾਣਦੇ ਹੀ ਨਹੀਂ। ਹੁਣ ਤੁਹਾਡੀ ਬੱਚਿਆਂ ਦੀ ਇੱਕ ਬਾਪ ਦੇ ਨਾਲ ਹੀ ਪ੍ਰੀਤ ਬੁੱਧੀ ਹੈ। ਬਾਪ ਕਹਿੰਦੇ ਹਨ ਕਿ ਗ੍ਰਹਿਸਥ ਵਿਵਹਾਰ ਵਿਚ ਭਾਵੇਂ ਰਹੋ, ਬਾਪ ਨੂੰ ਯਾਦ ਕਰੋ। ਹੁਣ ਸਭ ਐਕਟ੍ਰਸ ਦਾ ਪਾਰਟ ਪੂਰਾ ਹੁੰਦਾ ਹੈ। ਸਭ ਦੇ ਸ਼ਰੀਰ ਛੁਟਣੇ ਹਨ। ਸਭ ਨੂੰ ਵਾਪਿਸ ਘਰ ਲੈ ਜਾਣਾ ਹੈ। ਮਨੁੱਖ ਮਰਨਾ ਨਹੀਂ ਚਾਹੁੰਦੇ ਹਨ। ਤੁਸੀਂ ਤੇ ਜਿਉਂਦੇ ਜੀ ਮਰ ਚੁੱਕੇ ਹੋ। ਇਸ ਦੁਨੀਆ ਵਿਚ ਕਿਸੇ ਨਾਲ ਪਿਆਰ ਨਹੀਂ। ਇਸ ਸ਼ਰੀਰ ਨਾਲ ਵੀ ਪਿਆਰ ਨਹੀਂ। ਆਤਮਾ ਨੂੰ ਰੌਸ਼ਨੀ ਮਿਲੀ ਹੈ, ਅਸੀਂ ਬਾਪ ਦੇ ਬੱਚੇ ਹਾਂ ਸਾਡੇ 84 ਜਨਮ ਹੁਣ ਪੂਰੇ ਹੋਏ। ਹੁਣ ਖੇਲ ਪੂਰਾ ਹੋਇਆ। ਅਸੀਂ ਸੋ ਦੇਵਤਾ ਸੀ ਫਿਰ ਸ਼ਤ੍ਰੀ, ਵੈਸ਼, ਸ਼ੂਦ੍ਰ ਬਣੇ। ਹੁਣ ਅਸੀਂ ਫਿਰ ਬ੍ਰਾਹਮਣ ਬਣੇ ਹਾਂ ਇਹ ਚਕ੍ਰ ਪੂਰਾ ਯਾਦ ਰੱਖਣਾ ਹੈ। ਆਤਮਾ ਕਹਿੰਦੀ ਹੈ ਕਿ ਬਰੋਬਰ ਪੁਨਰਜਨਮ ਲੈਂਦੇ - ਲੈਂਦੇ ਹੁਣ ਇਹ ਅੰਤਿਮ ਜਨਮ ਹੈ। ਬਾਪ ਆਇਆ ਹੈ ਲੈਣ ਲਈ। ਕਈ ਵਾਰੀ ਅਸੀਂ 84 ਜਨਮਾਂ ਦਾ ਚਕ੍ਰ ਲਗਾਇਆ ਹੈ। ਸਵਦ੍ਰਸ਼ਣ ਚਕ੍ਰਧਾਰੀ ਬਣੇ ਹੋ ਨਾ। ਸਮਝਾਇਆ ਜਾਂਦਾ ਹੈ ਕਿ ਇਵੇਂ ਅਸੀਂ 84 ਜਨਮਾਂ ਦਾ ਚਕ੍ਰ ਲਗਾਇਆ ਹੈ। ਸਭ ਭਾਰਤਵਾਸੀਆਂ ਦੇ ਪੂਰੇ 84 ਜਨਮ ਨਹੀਂ ਕਹਾਂਗੇ। ਜੋ ਬ੍ਰਾਹਮਣ ਬਣਦੇ ਹਨ ਉਹ ਹੀ ਸਮਝਦੇ ਹਨ। ਪੰਜ ਹਜਾਰ ਵਰ੍ਹੇ ਪਹਿਲਾਂ ਵੀ ਸਮਝਾਇਆ ਸੀ - ਹੇ ਬੱਚੇ, ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ। 84 ਲੱਖ ਜਨਮਾਂ ਦਾ ਤੇ ਕੋਈ ਵਰਣਨ ਵੀ ਨਹੀਂ ਕਰ ਸਕਦਾ।

ਹੁਣ ਤੁਹਾਨੂੰ ਸਾਰੇ ਧਰਮਾਂ ਦੇ ਚਕ੍ਰ ਦਾ ਵੀ ਪਤਾ ਪੈ ਗਿਆ ਹੈ। ਹਿਸਾਬ - ਕਿਤਾਬ ਵਿਚ ਜੋ ਹੁਸ਼ਿਆਰ ਹੋਣਗੇ ਉਹ ਝੱਟ ਸਮਝ ਜਾਣਗੇ। ਬਰੋਬਰ ਫਲਾਣੇ ਧਰਮ ਨੂੰ ਇੰਨੇ ਜਨਮ ਲੈਣੇ ਚਾਹੀਦੇ ਹਨ। ਤੁਹਾਨੂੰ ਵੀ ਪੂਰਾ ਨਿਸ਼ਚੇ ਹੈ ਕਿ ਅਸੀਂ 84 ਜਨਮ ਪੂਰੇ ਕੀਤਾ, ਹੁਣ ਬਾਪ ਵਾਪਿਸ ਲੈਣ ਲਈ ਆਏ ਹਨ ਜਿਸ ਦੇ ਲਈ ਹੀ ਇਹ ਮਹਾਭਾਰੀ ਲੜਾਈ ਹੈ ਉਨ੍ਹਾਂ ਸਭ ਦੀ ਹੈ ਵਿਨਾਸ਼ ਕਾਲੇ ਵਪ੍ਰੀਤ ਬੁੱਧੀ। ਵਿਨਾਸ਼ਕਾਲ ਹੈ ਹੀ ਕਲਯੁੱਗ ਦੇ ਅੰਤ ਅਤੇ ਸਤਿਯੁਗ ਆਦਿ ਦੇ ਸੰਗਮ ਤੇ। ਸਤਿਯੁਗ ਅਤੇ ਤ੍ਰੇਤਾ ਦੇ ਸੰਗਮ ਨੂੰ ਵਿਨਾਸ਼ਕਾਲ ਨਹੀਂ ਕਹਾਂਗੇ। ਉੱਥੇ ਤਾਂ ਵ੍ਰਿਧੀ ਨੂੰ ਪਾਉਂਦੇ ਰਹਿੰਦੇ ਹਨ। ਹੁਣ ਸਭ ਦਾ ਵਿਨਾਸ਼ ਹੋਣਾ ਹੈ ਇਸ ਨੂੰ ਵਿਨਾਸ਼ ਕਾਲ ਕਿਹਾ ਜਾਂਦਾ ਹੈ। ਹੁਣ ਤੁਹਾਡਾ ਅੰਤਿਮ ਜਨਮ ਹੈ। ਇਸ ਤੋਂ ਪਹਿਲਾਂ ਬਾਪ ਆਉਣ ਤਾਂ ਕਹਿ ਨਾ ਸਕਣ ਕੀ ਇਹ ਤੁਹਾਡਾ ਅੰਤਿਮ ਜਨਮ ਹੈ। ਜਦੋਂ ਖੇਲ ਪੂਰਾ ਹੁੰਦਾ ਹੈ ਤਾਂ ਹੀ ਮੈਂ ਆਉਂਦਾ ਹੋ। ਤੁਸੀਂ ਜਾਣਦੇ ਹੋ ਬਰੋਬਰ ਅਸੀਂ ਆਤਮਾਵਾਂ 84 ਜਨਮ ਲੈਂਦੀ ਹਾਂ। ਗਾਇਆ ਵੀ ਜਾਂਦਾ ਹੈ ਕਿ ਕੁਮਾਰੀ ਉਹ ਜੋ 21 ਕੁਲ ਦਾ ਉਧਾਰ ਕਰੇ। ਹੁਣ ਉਹ ਸਮਝਦੇ ਨਹੀਂ ਕਿ 21 ਕੁਲ ਕਿਸਨੂੰ ਕਿਹਾ ਜਾਂਦਾ ਹੈ। ਭਾਰਤ ਵਿਚ ਕੁਮਾਰੀਆਂ ਦੀ ਬਹੁਤ ਮੰਨਿਯਤਾ ਹੈ, ਪੂਜਦੇ ਹਨ। ਜਗਦੰਬਾ ਵੀ ਕੁਮਾਰੀ ਹੈ ਨਾ। ਕੁਮਾਰੀ ਨੂੰ ਫਿਰ ਜਗਦੰਬਾ ਕਹਿਣਾ ਇਸ ਦਾ ਵੀ ਅਰਥ ਚਾਹੀਦਾ ਹੈ ਨਾ। ਜਗਤ ਅੰਬਾ ਹੈ ਤਾਂ ਜਗਤ ਪਿਤਾ ਵੀ ਚਾਹੀਦਾ ਹੈ ਨਾ। ਜਗਤ ਪਿਤਾ ਦੇ ਨਾਲ ਮਾਤਾ ਵੀ ਚਾਹੀਦੀ ਹੈ। ਇਵੇਂ ਤਾਂ ਬਹੁਤ ਮਾਤਾਵਾਂ ਹਨ ਜਿਨ੍ਹਾਂ ਨੂੰ ਜਗਤ ਮਾਤਾ ਵੀ ਕਹਿੰਦੇ ਹਨ। ਅਖਬਰ ਵਿਚ ਵੀ ਪੜ੍ਹਿਆ ਸੀ - ਕੋਈ ਮਾਤਾ ਨੂੰ ਜਗਤ ਮਾਤਾ ਲਿਖਿਆ ਸੀ। ਹੁਣ ਜਗਤ ਮਾਨਾ ਸਾਰੀ ਸ੍ਰਿਸ਼ਟੀ। ਤਾਂ ਜਗਤ ਦੀ ਮਾਂ ਇੱਕ ਹੋਵੇਗੀ ਜਾਂ 10-20 ਹੋਣਗੀਆਂ। ਰਚਤਾ ਬਾਪ ਇੱਕ ਹੈ ਤਾਂ ਮਾਤਾ ਵੀ ਇੱਕ ਚਾਹੀਦੀ ਹੈ ਨਾ। ਇਤਨੀ ਮਾਤਾਵਾਂ ਸਭ ਜਗਤ ਦੇ ਮਾਲਿਕ ਹਨ। ਜਗਤ ਦੀ ਮਾਤਾ ਤਾਂ ਇੱਕ ਹੈ ਨਾ ਜਗਤ ਅੰਬਾ। ਤਾਂ ਹੁਣ ਤੁਸੀ ਬੱਚਿਆਂ ਦੀ ਪ੍ਰੀਤ ਹੈ ਇੱਕ ਸ਼ਿਵਬਾਬਾ ਨਾਲ। ਤੁਹਾਡੇ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਹਨ ਜਿਨ੍ਹਾਂ ਦੀ ਪੂਰੀ ਪ੍ਰੀਤ ਹੈ। ਸਜਨੀ ਦੀ ਇੱਕ

ਸਾਜਨ ਨਾਲ, ਬੱਚਿਆਂ ਦੀ ਇੱਕ ਬਾਪ ਨਾਲ ਪ੍ਰੀਤ ਹੋਣੀ ਚਾਹੀਦੀ ਹੈ। ਹੋਰ ਸਭ ਤੋਂ ਪ੍ਰੀਤ ਤੋੜਨੀ ਪਵੇ। ਨਸ਼ਟੋਮੋਹਾ ਬਣਨਾ ਹੈ। ਪੁਰਾਣੀ ਦੁਨੀਆ ਤੋਂ ਮੋਹ ਨਸ਼ਟ। ਜਿਵੇਂ ਪੁਰਾਣਾ ਘਰ ਹੁੰਦਾ ਹੈ ਤਾਂ ਬਾਪ ਨਵਾਂ ਬਣਾਉਂਦੇ ਹਨ। ਜਦ ਨਵਾਂ ਬਣ ਜਾਂਦਾ ਹੈ ਤਾਂ ਉਸ ਵਿੱਚ ਬੈਠ ਪੁਰਾਣੇ ਨੂੰ ਖਲਾਸ ਕਰ ਦਿੰਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਡੇ ਲਈ ਸਵਰਗ ਨਵੀਂ ਦੁਨੀਆ ਰਚਦਾ ਹਾਂ। ਨਵੀਂ ਦੁਨੀਆ ਵਿਚ ਨਵੀਂ ਦਿੱਲੀ ਹੈ। ਇਹ ਹੀ ਜਮੁਨਾ ਦਾ ਕੰਠਾ ਹੈ ਜਿੱਥੇ ਤੁਸੀਂ ਰਾਜ ਕਰਦੇ ਹੋ। ਤੁਸੀਂ ਜਾਣਦੇ ਹੋ ਭਗਤੀ ਦਾ ਬਹੁਤ ਵੱਡਾ ਵਿਸਤਾਰ ਹੈ। ਗਿਆਨ ਤਾਂ ਬਿਲਕੁਲ ਥੋੜਾ ਹੈ - ਇੱਕ ਸੈਕਿੰਡ ਦਾ। ਬੀਜ ਨੂੰ ਜਾਨਣ ਵਿੱਚ ਸਾਰਾ ਝਾੜ ਆ ਜਾਂਦਾ ਹੈ। ਵੱਖ - ਵੱਖ ਵਰੇਇਟੀ ਧਰਮਾਂ ਦਾ ਝਾੜ ਹੈ, ਉਸ ਵਿੱਚ ਮੁੱਖ ਫਾਉਂਡੇਸ਼ਨ ਹੈ ਦੇਵੀ - ਦੇਵਤਾ ਧਰਮ। ਅਧਾਕਲਪ ਵਿੱਚ ਸਿਵਾਏ ਇਕ ਧਰਮ ਦੇ ਹੋਰ ਕੋਈ ਧਰਮ ਹੈ ਨਹੀਂ। ਬਾਕੀ ਅਧਾਕਲਪ ਵਿੱਚ ਦੇਖੋ ਕਿੰਨੇ ਧਰਮਾਂ ਦੀ ਸਥਾਪਨਾ ਹੁੰਦੀ ਹੈ! ਕਿਹਾ ਜਾਂਦਾ ਹੈ ਕਿ ਪਰਮਪਿਤਾ ਪਰਮਾਤਮਾ ਬ੍ਰਹਮਾ ਮੁੱਖ ਦਵਾਰਾ ਦੇਵਤਾ ਧਰਮ ਅਤੇ ਸ਼ਤ੍ਰੀ ਧਰਮ ਦੀ ਸਥਾਪਨਾ ਕਰਦੇ ਹਨ। ਸੋ ਤਾਂ ਵੇਖਦੇ ਹੋ ਬ੍ਰਾਹਮਣ ਤਾਂ ਤੁਸੀਂ ਹੋ ਹੀ। ਤੁਹਾਡੇ ਵਿੱਚ ਵੀ ਕੋਈ ਸੂਰਜ ਵੰਸ਼ੀ, ਕੋਈ ਚੰਦ੍ਰਵੰਸ਼ੀ ਬਣਨ ਵਾਲੇ ਹਨ। ਉੱਚ ਤੇ ਉੱਚ ਹੈ ਬ੍ਰਾਹਮਣ ਧਰਮ। ਭਾਰਤਵਾਸੀ ਆਪਣੇ ਧਰਮ ਨੂੰ ਹੀ ਨਹੀਂ ਜਾਣਦੇ ਹਨ। ਕਿਹਾ ਜਾਂਦਾ ਹੈ ਕਿ ਰਿਲਿਜਨ ਇਜ਼ ਮਾਇਟ। ਹੁਣ ਬਾਪ ਧਰਮ ਸਥਾਪਨ ਕਰਦੇ ਹਨ ਤਾਂ ਤੁਸੀਂ ਬਾਪ ਤੋਂ ਕਿੰਨੀ ਤਾਕਤ ਲੈਂਦੇ ਹੋ ਬਾਪ ਦਾ ਬਣਨ ਨਾਲ। ਗੋਇਆ ਸ੍ਰਵਸ਼ਕਤੀਮਾਨ ਬਾਪ ਹੀ ਬੱਚਿਆਂ ਨੂੰ ਯੋਗ ਨਾਲ ਸ਼ਕਤੀਵਾਨ ਬਣਾਉਂਦੇ ਹਨ। ਬਾਪ ਹੈ ਕਿੰਨਾ ਗੁਪਤ! ਉਨ੍ਹਾਂ ਨੂੰ ਆਪਣਾ ਸ਼ਰੀਰ ਹੈ ਨਹੀਂ। ਸ੍ਰਵਸ਼ਕਤੀਮਾਨ ਕਿਹਾ ਜਾਂਦਾ ਹੈ ਤਾਂ ਜਰੂਰ ਸ਼ਕਤੀ ਦੇਣਗੇ ਨਾ। ਤੁਹਾਡਾ ਨਾਮ ਹੀ ਹੈ ਸ਼ਿਵ - ਸ਼ਕਤੀਆਂ। ਸ਼ਿਵ ਤੋਂ ਸ਼ਕਤੀ ਲੈਣ ਵਾਲੀ ਹੋ। ਨਰਕ ਨੂੰ ਸਵਰਗ ਬਣਾਉਂਦੀ ਹੋ। ਇਹ ਤੁਹਾਨੂੰ ਬਲ ਮਿਲਦਾ ਹੈ। ਯੋਗਬਲ ਨਾਲ ਤੁਸੀਂ ਰਾਵਣ ਤੇ ਜਿੱਤ ਪਾਉਂਦੇ ਹੋ। ਤਾਂ ਤੁਹਾਡੀ ਹੁਣ ਸ੍ਰਵਸ਼ਕਤੀਮਾਨ ਬਾਪ ਨਾਲ ਪ੍ਰੀਤ ਹੈ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਹੁਤ ਵਪ੍ਰੀਤ ਬੁੱਧੀ ਵੀ ਹਨ ਕਿਉਂਕਿ ਯਾਦ ਨਹੀਂ ਕਰਦੇ ਹਨ। ਬਹੁਤ ਪ੍ਰੀਤ ਉਨ੍ਹਾਂ ਦੀ ਹੈ ਜੋ ਬਹੁਤ ਯਾਦ ਕਰਦੇ ਹਨ। ਥੋੜ੍ਹੀ ਪ੍ਰੀਤ ਹੈ ਤਾਂ ਸਮਝੋ ਯਾਦ ਨਹੀਂ ਕਰਦੇ। ਕਹਿੰਦੇ ਹਨ - ਕੀ ਕਰੀਏ..., ਘੜੀ - ਘੜੀ ਭੁੱਲ ਜਾਂਦੇ ਹਨ...। ਅਰੇ, ਸਾਜਨ ਨੂੰ ਤੁਸੀਂ ਯਾਦ ਨਹੀਂ ਕਰ ਸਕਦੇ ਹੋ? ਬਾਪ, ਜਿਸ ਤੋਂ ਸਵਰਗ ਦਾ ਵਰਸਾ ਮਿਲਦਾ ਹੈ, ਅਜਿਹੇ ਬਾਪ ਨੂੰ ਯਾਦ ਨਹੀਂ ਕਰ ਸਕਦੇ ਹੋ? ਕਾਰਣ ਦੱਸੋ? ਬੱਚਾ ਕਹੇ ਬਾਪ ਨੂੰ ਯਾਦ ਨਹੀਂ ਕਰ ਸਕਦਾ ਹਾਂ! ਅਰੇ, ਫਿਰ ਵਰਸਾ ਕਿਵੇਂ ਮਿਲੇਗਾ? ਜਿੰਨਾਂ ਬਾਪ ਨੂੰ ਯਾਦ ਕਰਦੇ ਹੋ ਉਤਨੀ ਸ਼ਕਤੀ ਮਿਲਦੀ ਹੈ। ਇਵੇਂ ਨਹੀਂ ਕਿ ਸ਼ਿਵਬਾਬਾ ਨੂੰ ਵੀ ਯਾਦ ਕਰੋ ਅਤੇ ਨਾਲ - ਨਾਲ ਕਾਲਾ ਮੂੰਹ ਵੀ ਕਰਦੇ ਰਹੋ ਫਿਰ ਰਾਜ - ਭਾਗ ਮਿਲ ਨਾ ਸਕੇ। ਕਹਿੰਦੇ ਹਨ - ਬਾਬਾ, ਅਸੀਂ ਭੁੱਲ ਜਾਂਦੇ ਹਾਂ, ਮੁਰਝਾ ਜਾਂਦੇ ਹਾਂ। ਬਾਬਾ ਕਹੇ - ਅਰੇ, ਤੁਸੀਂ ਈਸ਼ਵਰ ਦੀ ਸੰਤਾਨ ਬਣੇ ਹੋ, ਤੁਹਾਨੂੰ ਤਾਂ ਬਹੁਤ ਨਸ਼ਾ ਚੜਣਾ ਚਾਹੀਦਾ ਹੈ। ਅਜਿਹੇ ਬਾਪ ਨੂੰ ਨਿਰੰਤਰ ਯਾਦ ਕਰਨਾ ਚਾਹੀਦਾ ਹੈ। ਪ੍ਰੀਤ ਬੁੱਧੀ ਬਣਨਾ ਚਾਹੀਦਾ ਹੈ। ਸ਼ਿਵਬਾਬਾ ਨਾਲ ਪ੍ਰੀਤ ਨਹੀਂ ਤਾਂ ਬ੍ਰਹਮਾ ਨਾਲ ਵੀ ਨਹੀਂ ਹੋਵੇਗੀ। ਉਹ ਇਵੇਂ ਹੀ ਸਭ ਨਾਲ ਲੜ੍ਹਦੇ - ਝਗੜਦੇ ਰਹਿਣਗੇ। ਯੋਗ ਹੀ ਨਹੀਂ ਤਾਂ ਵਰਸਾ ਕਿਵੇਂ ਲੈ ਸਕਦੇ? ਗੋਡਲੀ ਬੁਲਬੁਲ ਨਹੀਂ ਬਣ ਸਕਦੇ। ਬੁਲਬੁਲ ਬਣਨਾ ਚਾਹੀਦਾ ਹੈ ਨਾ। ਬਾਬਾ ਦੇ ਕੋਲ ਗੋਡਲੀ ਬੁਲਬੁਲ ਹੈ, ਮੈਨਾਵਾਂ ਵੀ ਹਨ, ਤੋਤੇ ਵੀ ਹਨ, ਕਈ ਤਾਂ ਕਾਬਰ ਵੀ ਹਨ। ਸਭ ਨਾਲ ਲੜ੍ਹਦੇ - ਝਗੜਦੇ ਹਨ। ਕਈ ਫਿਰ ਪੀਜਨ (ਕਬੂਤਰ) ਵੀ ਹਨ। ਉਹ ਆਵਾਜ਼ ਨਹੀਂ ਕਰ ਸਕਦੇ ਹਨ। ਬਗੀਚੇ ਵਿੱਚ ਵੱਖ- ਵੱਖ ਤਰ੍ਹਾਂ ਦੇ ਫੁੱਲ ਹੁੰਦੇ ਹਨ। ਹਰੇਕ ਆਪਣੇ ਕੋਲੋਂ ਪੁੱਛੋ ਕਿ ਮੈਂ ਕਿਹੜਾ ਫੁੱਲ ਹਾਂ? ਗੁਲਾਬ ਦਾ ਫੁੱਲ ਹਾਂ ਜਾਂ ਰੂਹੇ ਗੁਲਾਬ ਹਾਂ? ਮੈਂ ਮੰਮਾ -ਬਾਬਾ ਵਰਗੀ ਸਰਵਿਸ ਕਰਦਾ ਹਾਂ? ਕੀ ਅਸੀਂ ਸ੍ਰੀ ਨਾਰਾਇਣ ਨੂੰ ਅਤੇ ਸ੍ਰੀ ਲਕਸ਼ਮੀ ਨੂੰ ਵਰ ਸਕਦੇ ਹਾਂ? ਇਵੇਂ ਆਪਣੇ ਤੋਂ ਪੁੱਛਣਾ ਹੈ ਕਿ ਮੈਂ ਕਿੰਨਾ ਬਾਪ ਨੂੰ ਯਾਦ ਕਰਦਾ ਹਾਂ? ਕਿੰਨੀ ਸੇਵਾ ਕਰਦਾ ਹਾਂ? ਬਾਪ ਕੋਲੋਂ ਤਾਂ ਜਰੂਰ ਵਰਸਾ ਮਿਲਣਾ ਹੈ। ਨਿਰਾਕਾਰ ਪਰਮਪਿਤਾ ਪਰਮਾਤਮਾ ਭਾਰਤ ਵਿੱਚ ਆਏ ਹਨ, ਜਰੂਰ ਭਾਰਤ ਨੂੰ ਸਵਰਗ ਬਣਾਇਆ ਹੋਵੇਗਾ। ਜਰੂਰ ਸ਼ਿਵਬਾਬਾ ਆਉਣ ਉਦੋਂ ਤਾਂ ਸਤਿਯੁਗ ਬਣਾਓਗੇ ਨਾ। ਸ਼ਿਵ ਦੀ ਜਯੰਤੀ ਮਨਾਉਂਦੇ ਹਨ। ਸ਼ਿਵ ਦਾ ਵੀ ਬ੍ਰਥ ਪਲੇਸ ਹੈ, ਤਾਂ ਸ੍ਰੀਕ੍ਰਿਸ਼ਨ ਦਾ ਵੀ ਬ੍ਰਥ ਪਲੇਸ ਹੈ। ਕ੍ਰਿਸ਼ਨ ਦੀ ਜਯੰਤੀ ਤਾਂ ਬੜੇ ਧੂਮਧਾਮ ਨਾਲ ਮਨਾਉਂਦੇ ਹਨ। ਹੁਣ ਤਾਂ ਸ਼ਿਵ ਜਯੰਤੀ ਦੀ ਛੁੱਟੀ ਵੀ ਨਹੀਂ ਕਰਦੇ। ਅੰਧੇਰ ਨਗਰੀ ਹੈ ਨਾ। ਇੱਥੇ ਤੇ ਹੈ ਹੀ ਪ੍ਰਜਾ ਦਾ ਪ੍ਰਜਾ ਤੇ ਰਾਜ। ਹੋਣਾ ਚਾਹੀਦਾ ਹੈ ਰਾਜਾ - ਰਾਣੀ ਦਾ ਰਾਜ। ਉਹ ਤਾਂ ਡਰਾਮੇ ਅਨੁਸਾਰ ਹੈ ਹੀ ਨਹੀਂ।

ਤੁਸੀਂ ਜਾਣਦੇ ਹੋ ਕਿ ਭਾਰਤ ਪਵਿੱਤਰ ਰਾਜਸਥਾਨ ਹੋ ਜਾਏਗਾ, ਤਾਂ ਉਹਨਾਂ ਨੂੰ ਵੀ ਜਗਾਉਣਾ ਹੈ। ਫਿਰ ਤੋਂ ਦੈਵੀ ਰਾਜਸਥਾਨ ਸਥਾਪਨ ਹੁੰਦਾ ਹੈ। ਹੁਣ ਆਸੁਰੀ ਰਾਜਸਥਾਨ ਹੋ ਗਿਆ ਹੈ। ਪਹਿਲੇ ਭਾਰਤਵਾਸੀ ਪਵਿੱਤਰ ਸਨ, ਹੁਣ ਤਾਂ ਅਪਵਿੱਤਰ ਬਣੇ ਹਨ ਤਾਂ ਤੇ ਲੋਕ ਉਹਨਾਂ ਦੀ ਪੂਜਾ ਕਰਦੇ ਹਨ। ਹੁਣ ਤਾਂ ਨੋ ਰਾਜਸਥਾਨ। ਤੁਸੀਂ ਚਿੱਠੀ ਲਿਖ ਸਕਦੇ ਹੋ ਮਤਲਬ ਅਖਬਾਰ ਵਿੱਚ ਵੀ ਪਾ ਸਕਦੇ ਹੋ ਕਿ ਭਾਰਤ 5 ਹਜ਼ਾਰ ਵਰ੍ਹੇ ਪਹਿਲੇ ਦੈਵੀ ਰਾਜਸਥਾਨ ਸੀ, ਹੁਣ ਨਹੀਂ ਹੈ। ਤੁਸੀਂ ਹੋ ਈਸ਼ਵਰੀ ਭੈਣ - ਭਰਾ। ਤੁਸੀਂ ਹੋ ਬਹੁਤ ਥੋੜੇ। ਗਾਇਆ ਵੀ ਜਾਂਦਾ ਹੈ - ਰਾਮ ਗਏ, ਰਾਵਣ ਗਓ...। ਸਮਝਣਾ ਚਾਹੀਦਾ ਹੈ ਕਿ ਅਸੀਂ ਬਾਕੀ ਬਹੁਤ ਥੋੜ੍ਹੇ ਸਮਾਂ ਹਾਂ। ਬਾਪ ਤੋਂ ਵਰਸਾ ਤਾਂ ਲੈਂਦੇ ਰਹਿੰਦੇ। ਨਾਲ - ਨਾਲ ਭਵਿੱਖ ਦਾ ਵੀ ਖਿਆਲ ਕਰੋ। ਇਹ ਹੀ ਧੰਧਾ ਕਰੋ, ਸ਼ਰੀਰ ਨਿਰਵਾਹ ਵੀ ਕਰਨਾ ਹੈ। ਇਹ ਹੈ ਭਵਿੱਖ ਦੇ ਲਈ। ਇਸ ਵਿੱਚ ਮਿਹਨਤ ਕੁਝ ਨਹੀਂ, ਬਿਲਕੁਲ ਸਹਿਜ ਹੈ। ਸੈਕਿੰਡ ਵਿੱਚ ਜੀਵਨਮੁਕਤੀ 21 ਜਨਮ ਦੇ ਲਈ ਮਿਲਦੀ ਹੈ। ਬਾਪ ਨੂੰ ਅਤੇ ਚੱਕਰ ਨੂੰ ਯਾਦ ਕਰਨਾ ਹੈ। ਬਾਪ ਨੂੰ ਯਾਦ ਕਰਨ ਨਾਲ ਹੀ ਪਾਵਨ ਬਣੋਗੇ। ਪਤਿਤ ਕੋਈ ਜਾ ਨਾ ਸਕੇ। ਬਹੁਤ ਸਜਾਵਾਂ ਖਾਣੀਆਂ ਪੈਣਗੀਆਂ। ਤਾਂ ਵਿਨਾਸ਼ਕਾਲ ਹੁਣ ਹੈ। ਯਾਦਵ ਅਤੇ ਕੌਰਵਾਂ ਦੀ ਹੈ ਵਪ੍ਰੀਤ ਬੁੱਧੀ। ਪਾਂਡਵਾਂ ਦੀ ਪ੍ਰੀਤ ਬੁੱਧੀ ਸੀ, ਜਿਨ੍ਹਾਂ ਦੀ ਹੀ ਵਿਜੇ ਹੋਈ। ਹੁਣ ਉਹ ਸਮਾਂ ਹੈ। ਬਾਪ ਸਮਝਾਉਂਦੇ ਹਨ - ਸਿਰਫ਼ ਇਹ ਯਾਦ ਕਰੋ ਕਿ ਹੁਣ ਵਾਪਿਸ ਜਾਣਾ ਹੈ। ਬਾਕੀ ਥੋੜ੍ਹਾ ਸਮਾਂ ਹੈ ਨਾਟਕ ਪੂਰਾ ਹੁੰਦਾ ਹੈ। ਗ੍ਰਿਹਸਥ ਵਿਵਹਾਰ ਵਿਚ ਰਹਿੰਦੇ ਸਿਰਫ ਬਾਬਾ ਨੂੰ ਯਾਦ ਕਰਨਾ ਹੈ। ਯਾਦ ਦੀ ਹੀ ਲੰਬੀ ਸੀੜੀ ਹੈ। ਰੁਦ੍ਰ ਮਾਲਾ ਬਣਦੀ ਹੈ ਫਿਰ ਇਨਾਮ ਮਿਲੇਗਾ। ਰਾਜ ਭਾਗ ਪਾਉਣਾ ਹੈ, ਉਸਦੇ ਲਈ ਵਿਚਾਰ ਸਾਗਰ ਮੰਥਨ ਕਰਨਾ ਹੈ। ਇਹ ਹੈ ਬੁੱਧੀਯੋਗ ਦੀ

ਯਾਤਰਾ। ਬਾਪ ਦੇ ਕੋਲ ਦੌੜਨਾ ਹੈ। ਦੇਖਣਾ ਹੈ ਕਿ ਸਾਰੇ ਦਿਨ ਵਿੱਚ ਬਾਪ ਨੂੰ ਕਿੰਨਾ ਯਾਦ ਕੀਤਾ? ਕਿੰਨਿਆਂ ਨੂੰ ਕੰਡਿਆਂ ਤੋਂ ਫੁੱਲ ਬਣਾਇਆ। ਪ੍ਰਜਾ ਨਹੀਂ ਬਣਾਓਗੇ ਤਾਂ ਕਿਸ ਤੇ ਰਾਜ ਕਰੋਂਗੇ ਇਸਲਈ ਪਹਿਲੇ 8 ਮੁਖ ਬਣਦੇ ਹਨ, ਫਿਰ 108, ਫਿਰ 16108 ਹੋ ਜਾਂਦੇ ਹਨ। ਵਿਵੇਕ ਵੀ ਕਹਿੰਦਾ ਹੈ - ਇਹ ਤਾਂ ਜਰੂਰ ਹੈ, ਵ੍ਰਿਧੀ ਤਾਂ ਹੁੰਦੀ ਰਹੇਗੀ। ਰਾਜਧਾਨੀ ਵ੍ਰਿਧੀ ਨੂੰ ਪਾਉਂਦੀ ਰਹੇਗੀ। ਹੁਣ ਵੀ ਢੇਰ ਲੱਖਾਂ ਆਉਣਗੇ। ਬੁੱਧੀ ਵਿੱਚ ਇਹ ਪੱਕਾ ਯਾਦ ਰੱਖੋ - ਹੁਣ ਸਾਨੂੰ ਘਰ ਜਾਣਾ ਹੈ। ਇਸ ਪੁਰਾਣੀ ਦੁਨੀਆਂ ਵਿੱਚ ਦੁੱਖ ਬਹੁਤ ਹੈ। ਬਸ, ਇੱਕ ਬਾਪ ਨੂੰ ਯਾਦ ਕਰਦੇ ਰਹੋ। ਬੜੀ ਲੰਬੀ ਯਾਤਰਾ ਹੈ। ਪਿਛਾੜੀ ਵਿੱਚ ਆਉਣ ਵਾਲੇ ਇਨਾ ਉੱਚ ਪਦਵੀ ਪਾ ਨਾ ਸਕਣ। ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਕਰਮਭੋਗ ਕਿੰਨਾ ਚੱਲਦਾ ਹੈ! ਫਿਰ ਪਿਛਾੜੀ ਵਿੱਚ ਆਉਣ ਵਾਲੇ ਇੰਨੀ ਮਿਹਨਤ ਕਿਵੇਂ ਕਰ ਸਕਦੇ ਹਨ, ਜੋ ਵਿਕਰਮ ਵਿਨਾਸ਼ ਹੋ ਜਾਣ? ਜਨਕ ਵੀ ਤ੍ਰੇਤਾ ਵਿੱਚ ਚਲਾ ਗਿਆ। ਸੂਰਜਵੰਸ਼ੀ ਰਾਜਾ ਬਣ ਨਹੀਂ ਸਕਿਆ। ਰਾਜਾ ਸੀ, ਸਰੈਂਡਰ ਵੀ ਹੋਇਆ, ਪਰ ਟੂਲੇਟ ਮਤਲਬ ਤਾਂ ਚੰਦ੍ਰਵੰਸ਼ੀ ਵਿੱਚ ਚਲਾ ਗਿਆ। ਇਹਨਾਂ ਗੱਲਾਂ ਨੂੰ ਬ੍ਰਾਹਮਣ ਹੀ ਸਮਝ ਸਕਦੇ ਹਨ, ਸ਼ੂਦ੍ਰ ਸਮਝ ਨਾ ਸਕਣ। ਹਾਂ, ਕਈਆਂ ਨੂੰ ਪਿਉਰਿਟੀ ਚੰਗੀ ਲਗਦੀ ਹੈ ਪਰ ਪਿਓਰਟੀ ਵਿੱਚ ਰਹਿਕੇ ਵੀ ਦਿਖਾਵੇ ਨਾ? ਸੰਨਿਆਸੀਆਂ ਦੇ ਫਾਲੋਅਰਸ ਕਹਾਉਂਦੇ ਹਨ, ਖੁਦ ਤਾਂ ਪਵਿੱਤਰ ਬਣਦੇ ਨਹੀਂ ਤਾਂ ਫਲੋਅਰਸ ਕਿਵੇਂ ਹੋਏ? ਇਹ ਵੀ ਝੂਠ ਹੋਇਆ ਨਾ। ਕਿਸੇ ਵੀ ਸਤਿਸੰਗ ਵਿੱਚ ਏਮ ਆਬਜੇਕ੍ਰ ਹੁੰਦੀ ਨਹੀਂ। ਕਿੰਨੇ ਢੇਰ ਸਤਿਸੰਗ ਹਨ। ਇਹ ਤਾਂ ਬਾਪ ਹੀ ਆਕੇ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਵਿਸ਼ਵ ਦਾ ਮਾਲਿਕ ਤੁਸੀਂ ਬਣਦੇ ਹੋ ਇੱਕ ਸ਼ਿਵਬਾਬਾ ਦੀ ਯਾਦ ਨਾਲ। ਬਾਪ ਨੂੰ ਯਾਦ ਹੀ ਨਹੀਂ ਕਰੋਂਗੇ ਤਾਂ ਵਰਸਾ ਕਿਵੇਂ ਮਿਲੇਗਾ? ਇਹ ਤਾਂ ਤੁਹਾਡਾ ਕੰਮ ਹੈ - ਪੁਰਸ਼ਾਰਥ ਕਰ ਨਿਰੰਤਰ ਯਾਦ ਕਰਨਾ। ਨਿਰੰਤਰ ਯਾਦ ਰਹੇ, ਉਹ ਅਵਸਥਾ ਅੰਤ ਵਿੱਚ ਹੋਵੇਗੀ। ਹੁਣ ਨਹੀਂ ਹਨ। ਪਿਛਾੜੀ ਵਿੱਚ 8 ਹੀ ਵਿਨ ਕਰਦੇ ਹਨ, ਯਾਦ ਕਰਦੇ - ਕਰਦੇ ਸਬ ਤੋਂ ਪਹਿਲੇ ਜਾਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਿਨਾਸ਼ ਕਾਲ ਦਾ ਸਮਾਂ ਹੈ ਇਸਲਈ ਦੇਹਧਾਰੀਆਂ ਨਾਲ ਪ੍ਰੀਤ ਤੋੜ ਇੱਕ ਬਾਪ ਨਾਲ ਸੱਚੀ ਪ੍ਰੀਤ ਰੱਖਣੀ ਹੈ। ਇਸ ਪੁਰਾਣੇ ਘਰ ਤੋਂ ਮੋਹ ਨਸ਼ਟ ਕਰ ਦੇਣਾ ਹੈ।

2. ਗਿਆਨ ਦੀ ਬੁਲਬੁਲ ਬਣ ਆਪ ਸਮਾਨ ਕੰਡਿਆਂ ਨੂੰ ਫੁੱਲ ਬਣਾਉਣਾ ਦੀ ਸੇਵਾ ਕਰਨੀ ਹੈ। ਯਾਦ ਦੀ ਦੌੜ੍ਹ ਲਗਾਉਣੀ ਹੈ।

ਵਰਦਾਨ:- ਸਰਵ ਯੋਗਤਾਵਾਂ ਦਵਾਰਾ ਖੁਦ ਨੂੰ ਵੇਲਿਊਏਬਲ ਬਣਾਉਣ ਵਾਲੇ ਬੇਫਿਕਰ ਬਾਦਸ਼ਾਹ ਭਵ

ਬਾਪ ਖੁਦ ਬੱਚਿਆਂ ਨੂੰ ਆਫ਼ਰ ਕਰਦੇ ਹਨ - ਬੱਚੇ ਯੋਗ ਰਾਈਟ ਹੈਂਡ ਬਣੋ, ਯੋਗ ਅਧਿਕਾਰੀ ਬਣੋ। ਜੋ ਯੋਗ ਹੁੰਦਾ ਹੈ ਉਹ ਬੇਫ਼ਿਕਰ ਬਾਦਸ਼ਾਹ ਹੁੰਦਾ ਹੈ। ਭਾਵੇਂ ਸਥੂਲ ਯੋਗਤਾ, ਭਾਵੇਂ ਗਿਆਨ ਦੀ ਯੋਗਤਾ ਮਨੁੱਖ ਨੂੰ ਵੈਲਿਯੂਏਬਲ ਬਣਾਉਂਦੀ ਹੈ। ਯੋਗਤਾ ਨਹੀਂ ਤਾਂ ਵੈਲਿਊ ਨਹੀਂ ਰਹਿੰਦੀ। ਰੂਹਾਨੀ ਸੇਵਾ ਦੀ ਯੋਗਤਾ ਸਭਤੋਂ ਵੱਡੀ ਹੈ। ਅਜਿਹੀ ਯੋਗ ਆਤਮਾ ਨੂੰ ਕੋਈ ਗੱਲ ਰੋਕ ਨਹੀਂ ਸਕਦੀ। ਯੋਗ ਬਣਨਾ ਮਾਨਾ ਮੇਰਾ ਤਾਂ ਇੱਕ ਬਾਬਾ, ਬਸ ਹੋਰ ਕੋਈ ਗੱਲ ਬੁੱਧੀ ਵਿੱਚ ਨਾ ਹੋਵੇ।

ਸਲੋਗਨ:- ਇਕਰਸ ਸਥਿਤੀ ਦਾ ਅਨੁਭਵ ਕਰਨਾ ਹੈ ਤਾਂ ਇੱਕ ਬਾਪ ਦਵਾਰਾ ਸਰਵ ਰਸਾਂ ਦੀ ਅਨੁਭੂਤੀ ਕਰੋ।

******